# ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਸਅਸ ਨਗਰ, ਪੰਜਾਬ

**ਅਮਲਾ-3 ਸ਼ਾਖ਼ਾ**

ਵੱਲ,

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਸਿ)/ (ਐਸਿ),
ਪੰਜਾਬ।

ਮੀਮੋ ਨੰ: 12/42-2017ਅਮਲਾ(3)(2)/ 2018391114-58
ਮਿਤੀ: 29-08-2018

ਵਿਸ਼ਾ: **ਰੈਸ਼ਨੇਲਾਈਜ਼ੇਸ਼ਨ ਪਾਲਿਸੀ 2018-19 ਵਿਚ ਸੋਧ ਕਰਨ ਸਬੰਧੀ ।**

ਹਵਾਲਾ:- ਇਸ ਦਫਤਰ ਦੇ ਮੀਮੋ ਨੰ:12/42-2017ਅਮਲਾ3(2)/201838076-201838125 ਮਿਤੀ 24-08-2018 ਰਾਹੀਂ ਜਾਰੀ ਕੀਤੀ ਪਾਲਿਸੀ ਦੇ ਸੰਬੰਧ ਵਿਚ।

ਉਪਰੋਕਤ ਵਿਸ਼ੇ ਸੰਬੰਧੀ ਹਵਾਲਾ ਅਧੀਨ ਪੱਤਰ ਰਾਹੀਂ ਜਾਰੀ ਕੀਤੀ ਗਈ ਰੈਸ਼ਨੇਲਾਈਜੇਸ਼ਨ ਪਾਲਿਸੀ ਦੇ ਪੰਨਾ ਨੰ:3 ਵਿਚ ਹੇਠ ਲਿਖੇ ਅਨੁਸਾਰ ਸੋਧ ਕੀਤੀ ਜਾਂਦੀ ਹੈ:-

| ਮੱਦ ਨੰ | ਮੌਜੂਦਾ ਫੈਸਲਾ | ਜੋ ਹੁਣ ਸੋਧ ਕੀਤੀ ਜਾਂਦੀ ਹੈ |
|---|---|---|
| 1 | ਰੈਸ਼ਨਲਾਈਜ਼ੇਸ਼ਨ ਨੀਤੀ ਨੂੰ ਲਾਗੂ ਕਰਨ ਸਮੇਂ ਮਿਤੀ 30.06.2018 ਨੂੰ ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ ਨੂੰ ਆਧਾਰ ਮੰਨਿਆ ਜਾਵੇਗਾ ਅਤੇ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਵੱਲੋਂ ਨਿਯਮਾਂ ਅਤੇ ਹਦਾਇਤਾਂ ਅਨੁਸਾਰ ਸਕੂਲ-ਵਾਈਜ਼ ਆਸਾਮੀਆਂ ਦੀ ਮਨਜ਼ੂਰੀ/ ਸੈਂਕਸ਼ਨ ਜਾਰੀ ਕੀਤੀ ਜਾਵੇਗੀ । | ਮੌਜੂਦਾ ਪਾਲਿਸੀ ਦੇ ਪੈਰਾ ਨੰ 1 ਵਿੱਚ ਵਿਦਿਆਰਥੀਆਂ ਦੀ ਗਿਣਤੀ ਦਾ ਅਧਾਰ ਮਿਤੀ 31.08.2018 ਹੋਵੇਗਾ। |
| 2 | ਵਿਦਿਆਰਥੀਆਂ ਦੀ ਗਿਣਤੀ ਨੂੰ ਆਧਾਰ ਮੰਨ ਕੇ ਜੇਕਰ ਸਕੂਲ ਵਿੱਚ ਖਾਲੀ ਜਾਂ ਭਰੀ ਆਸਾਮੀ ਵਾਧੂ/ ਸਰਪਲੱਸ ਹੈ ਤਾਂ ਸਕੂਲ ਵਿੱਚ ਲੰਮੀ ਠਹਿਰ ਵਾਲੇ ਅਧਿਆਪਕ ਨੂੰ ਸ਼ਿਫ਼ਟ ਕੀਤਾ ਜਾਵੇਗਾ। ਜੇਕਰ ਕਿਸੇ ਸਕੂਲ ਵਿੱਚ ਕਿਸੇ ਇੱਕ ਵਿਸ਼ੇ ਦੇ ਇੱਕ ਤੋਂ ਵੱਧ ਅਧਿਆਪਕ ਹਨ ਅਤੇ ਕੋਈ ਕਰਮਚਾਰੀ ਆਪਣੀ ਮਰਜ਼ੀ ਅਨੁਸਾਰ ਸ਼ਿਫ਼ਟ ਹੋਣਾ ਚਾਹੁੰਦਾ ਹੈ ਤਾਂ ਉਸ ਤੋਂ ਇਸ ਸਬੰਧੀ ਲਿਖਤੀ ਤੌਰ 'ਤੇ ਲਿਆ ਜਾਵੇਗਾ। | ਵਿਦਿਆਰਥੀਆਂ ਦੀ ਗਿਣਤੀ ਨੂੰ ਅਧਾਰ ਮੰਨ ਕੇ ਜੇਕਰ ਸਕੂਲ ਵਿੱਚ ਖਾਲੀ ਜਾਂ ਭਰੀ ਆਸਾਮੀ ਵਾਧੂ/ ਸਰਪਲੱਸ ਹੈ ਤਾਂ ਸਕੂਲ ਵਿੱਚ ਲੰਮੀ ਠਹਿਰ ਵਾਲੇ ਅਧਿਆਪਕ ਨੂੰ ਸ਼ਿਫ਼ਟ ਕੀਤਾ ਜਾਵੇਗਾ। ਪਰੰਤੂ ਮਿਤੀ 30.09.2017 ਤੋਂ ਬਾਅਦ ਜੇਕਰ ਆਪਸੀ ਬਦਲੀ ਕਰਵਾਕੇ ਸਕੂਲ ਵਿੱਚ ਕੋਈ ਅਧਿਆਪਕ ਹਾਜਰ ਹੋਇਆ ਹੋਵੇ ਤਾਂ ਉਸ ਵਿਸ਼ੇ ਦੇ ਲੰਮੀ ਠਹਿਰ ਵਾਲੇ ਅਧਿਆਪਕ ਦੀ ਥਾਂ ਤੇ ਪਹਿਲਾਂ ਅਜਿਹੇ ਅਧਿਆਪਕ ਨੂੰ ਸ਼ਿਫ਼ਟ ਕੀਤਾ ਜਾਵੇਗਾ। ਜੇਕਰ ਕਿਸੇ ਸਕੂਲ ਵਿੱਚ ਕਿਸੇ ਇੱਕ ਵਿਸ਼ੇ ਦੇ ਇੱਕ ਤੋਂ ਵੱਧ ਅਧਿਆਪਕ ਹਨ ਅਤੇ ਕੋਈ ਕਰਮਚਾਰੀ ਆਪਣੀ ਮਰਜ਼ੀ ਅਨੁਸਾਰ ਸ਼ਿਫ਼ਟ ਹੋਣਾ ਚਾਹੁੰਦਾ ਹੈ ਤਾਂ ਉਸ ਤੋਂ ਇਸ ਸਬੰਧੀ ਲਿਖਤੀ ਤੌਰ 'ਤੇ ਲਿਆ ਜਾਵੇਗਾ। |

| | | |
|---|---|---|
| 4.1 | ਮਿਡਲ ਸਕੂਲ ਵਿੱਚ ਤਿੰਨ ਸੈਕਸ਼ਨਾਂ ਤੱਕ ਸਿਰਫ਼ ਚਾਰ ਆਸਾਮੀਆਂ ਅੰਗਰੇਜ਼ੀ/ ਸਮਾਜਿਕ ਸਿੱਖਿਆ, ਸਾਇੰਸ (ਨਾਨ ਮੈਡੀਕਲ)/ ਮੈਥ, ਪੰਜਾਬੀ/ ਹਿੰਦੀ ਅਤੇ ਪੀਟੀਆਈ/ ਆਰਟ ਐਂਡ ਕਰਾਫ਼ਟ ਹੀ ਰਹਿਣਗੀਆਂ। | ਮਿਡਲ ਸਕੂਲ ਵਿੱਚ ਤਿੰਨ ਸੈਕਸ਼ਨਾਂ ਤੱਕ ਚਾਰ ਆਸਾਮੀਆਂ ਸਮਾਜਿਕ ਸਿੱਖਿਆ, ਸਾਇੰਸ, ਪੰਜਾਬੀ ਅਤੇ ਹਿੰਦੀ ਰਹਿਣਗੀਆਂ। |
| 4.2 | ਸਕੂਲ ਵਿੱਚ ਕਿਸੇ ਵੀ ਸੂਰਤ ਵਿੱਚ ਬੀ.ਏ. (ਮੈਥ) ਅਤੇ ਬੀ.ਐੱਸ.ਸੀ (ਮੈਡੀਕਲ) ਵਾਲਾ ਅਧਿਆਪਕ ਤਾਇਨਾਤ ਨਹੀਂ ਕੀਤਾ ਜਾਵੇਗਾ। | ਸਕੂਲ ਵਿੱਚ ਕਿਸੇ ਵੀ ਸੂਰਤ ਵਿੱਚ ਬੀ.ਏ. (ਮੈਥ) ਵਾਲਾ ਅਧਿਆਪਕ ਤਾਇਨਾਤ ਨਹੀਂ ਕੀਤਾ ਜਾਵੇਗਾ। |
| 4.3 | ਵਿਦਿਆਰਥੀਆਂ ਦੀ ਗਿਣਤੀ ਅਤੇ ਸੈਕਸ਼ਨਾਂ ਦੇ ਵਾਧੇ ਦੀ ਸੂਰਤ ਵਿੱਚ ਲੋੜ/ ਉਪਲੱਬਧਤਾ ਅਨੁਸਾਰ ਜੇਕਰ ਸਮਾਜਿਕ ਸਿੱਖਿਆ ਦੀ ਆਸਾਮੀ ਪਹਿਲਾਂ ਤੋਂ ਮੌਜੂਦ ਹੈ ਤਾਂ ਅੰਗਰੇਜ਼ੀ ਵਿਸ਼ੇ ਦੀ ਆਸਾਮੀ ਦਿੱਤੀ ਜਾਵੇਗੀ। ਜੇਕਰ ਸਾਇੰਸ ਨਾਨ-ਮੈਡੀਕਲ ਦੀ ਅਸਾਮੀ ਪਹਿਲਾਂ ਮੌਜੂਦ ਹੈ ਤਾਂ ਉਸ ਦੀ ਥਾਂ ਤੇ ਇੱਕ ਸਾਇੰਸ ਮੈਡੀਕਲ ਅਤੇ ਇੱਕ ਮੈਥ ਦੀ ਅਸਾਮੀ ਦਿੱਤੀ ਜਾਵੇਗੀ। ਇਸੇ ਤਰਾਂ ਜਿਨ੍ਹਾਂ ਮਿਡਲ ਸਕੂਲਾਂ ਵਿੱਚ ਸਾਇੰਸ ਮੈਡੀਕਲ ਅਤੇ ਮੈਥ ਦੀ ਅਸਾਮੀ ਦੇਣ ਤੋਂ ਬਾਅਦ ਬੱਚਿਆਂ ਦੀ ਗਿਣਤੀ ਅਤੇ ਵਿਸ਼ੇ ਦੇ ਕੁਲ ਬਣਦੇ ਪੀਰੀਅਡਾਂ ਅਨੁਸਾਰ ਵੱਧ ਅਸਾਮੀਆਂ ਦੀ ਜਰੂਰਤ ਹੋਵੇ ਤਾਂ ਅਗਲੀਆਂ ਅਸਾਮੀਆਂ ਪੀਰੀਅਡਾਂ ਦੇ ਬਣਦੇ ਅਨੁਪਾਤ ਅਨੁਸਾਰ ਦਿੱਤੀਆਂ ਜਾਣਗੀਆਂ। | ਵਿਦਿਆਰਥੀਆਂ ਦੀ ਗਿਣਤੀ ਅਤੇ ਸੈਕਸ਼ਨਾਂ ਦੇ ਵਾਧੇ ਦੀ ਸੂਰਤ ਵਿੱਚ ਲੋੜ/ ਉਪਲੱਬਧਤਾ ਅਨੁਸਾਰ ਸਮਾਜਿਕ ਸਿੱਖਿਆ/ ਅੰਗਰੇਜੀ ਅਤੇ ਸਾਇੰਸ ਦੀਆਂ ਹੋਰ ਅਸਾਮੀਆਂ ਦਿੱਤੀਆਂ ਜਾਣਗੀਆਂ। |

ਰੈਸ਼ਨਾਲਾਈਜੇਸ਼ਨ ਪਾਲਿਸੀ 2018-19 ਲਾਗੂ ਕਰਦੇ ਸਮੇਂ ਉਪਰੋਕਤ ਕੀਤੀ ਗਈ ਸੋਧ ਅਨੁਸਾਰ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ।

ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ।

ਪਿੱਠ ਅੰਕਣ ਨੰ: - ਉਕਤ- ਮਿਤੀ:29-08-2018

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ:

1. ਨਿੱਜੀ ਸਕੱਤਰ, ਮਾਨਯੋਗ ਸਿੱਖਿਆ ਮੰਤਰੀ, ਪੰਜਾਬ।
2. ਨਿੱਜੀ ਸਕੱਤਰ, ਸਕੱਤਰ ਸਕੂਲ ਸਿੱਖਿਆ, ਪੰਜਾਬ ਸਰਕਾਰ।
3. ਨਿੱਜੀ ਸਕੱਤਰ, ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
4. ਡਾਇਰੈਕਟਰ ਸਿੱਖਿਆ ਵਿਭਾਗ (ਐਸਿ), ਪੰਜਾਬ।
5. ਡਾਇਰੈਕਟਰ ਐਸ ਸੀ ਈ ਆਰ ਟੀ, ਪੰਜਾਬ।
6. ਸਮੂਹ ਸਕੂਲ ਮੁਖੀ, ਪੰਜਾਬ।
7. ਡਿਪਟੀ ਮੈਨੇਜ਼ਰ ( ਐੱਮ ਆਈ ਐਸ) ਨੂੰ ਵਿਭਾਗੀ ਵੈਬਸਾਈਟ 'ਤੇ ਅਪਲੋਡ ਕਰਨ ਸਬੰਧੀ।

ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ।